## **ਸਿਟੀ 2025 ਦੇ ਬਜਟ ਲਈ ਤਰਜੀਹਾਂ ਬਾਰੇ ਫੀਡਬੈਕ ਮੰਗ ਰਿਹਾ ਹੈ**

***ਵੈਨਕੂਵਰ ਦੇ ਨਿਵਾਸੀਆਂ ਅਤੇ ਕਾਰੋਬਾਰਾਂ ਨੂੰ ਸਰਵੇਖਣ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ***

ਵੈਨਕੂਵਰ ਸਿਟੀ ਆਪਣੀ ਸਲਾਨਾ ਬਜਟ ਸ਼ਮੂਲੀਅਤ ਪ੍ਰਕਿਰਿਆ ਦੇ ਹਿੱਸੇ ਵਜੋਂ ਉਹਨਾਂ ਲੋਕਾਂ ਤੋਂ, ਜੋ ਵੈਨਕੂਵਰ ਵਿੱਚ ਰਹਿੰਦੇ ਹਨ ਜਾਂ ਕਾਰੋਬਾਰ ਦੇ ਮਾਲਕ ਹਨ/ਕਾਰੋਬਾਰ ਚਲਾਉਂਦੇ ਹਨ, 2025 ਦੇ ਬਜਟ ਲਈ ਤਰਜੀਹਾਂ ਬਾਰੇ ਵਿਚਾਰ ਮੰਗ ਰਿਹਾ ਹੈ। 2025 – 2029 ਦਾ ਬਜਟ ਦੀ ਰੂਪਰੇਖਾ ਵਿੱਚ ਸਿਟੀ ਦੇ ਵਿੱਤੀ ਦ੍ਰਿਸ਼ਟੀਕੋਣ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਕਾਰਕਾਂ ਦੀ ਰੂਪਰੇਖਾ ਸ਼ਾਮਲ ਹੈ, ਜਿਸ ਵਿੱਚ ਸੇਵਾ ਦੇ ਮੌਜੂਦਾ ਪੱਧਰਾਂ ਨੂੰ ਕਾਇਮ ਰੱਖਦੇ ਹੋਏ ਬਜਟ ਨੂੰ ਸੰਤੁਲਿਤ ਕਰਨ ਦੇ ਉਪਾਅ ਵੀ ਸ਼ਾਮਲ ਹਨ। ਰਿਪੋਰਟ ਵਿੱਚ ਪ੍ਰਾਪਰਟੀ ਟੈਕਸ ਵਿੱਚ ਪ੍ਰਸਤਾਵਿਤ ਵਾਧੇ ਨੂੰ ਸੌਖਾ ਬਣਾਉਣ ਲਈ ਵਾਧੂ ਮਾਲੀਏ ਦੇ ਰਸਤਿਆਂ ਲਈ ਸਿਫ਼ਾਰਸ਼ਾਂ ਵੀ ਸ਼ਾਮਲ ਹਨ।

### **ਸ਼ਾਮਲ ਹੋਣ ਦੇ ਤਰੀਕੇ:**

1. ਹੋਰ ਜਾਣਨ ਲਈ shapeyourcity.ca/budget 'ਤੇ ਜਾਓ ਅਤੇ 16 ਸਤੰਬਰ ਤੱਕ ਸਰਵੇਖਣ ਪੂਰਾ ਕਰੋ। ਸਰਵੇਖਣ ਅੰਗਰੇਜ਼ੀ, ਪਰੰਪਰਾਗਤ ਚੀਨੀ, ਸਰਲੀਕ੍ਰਿਤ ਚੀਨੀ ਅਤੇ ਪੰਜਾਬੀ ਵਿੱਚ ਉਪਲਬਧ ਹੈ।
2. ਜਦੋਂ ਸਿਟੀ ਕੌਂਸਲ ਦਸੰਬਰ ਵਿੱਚ ਡ੍ਰਾਫਟ ਬਜਟ ਦੀ ਸਮੀਖਿਆ ਕਰਦੀ ਹੈ ਤਾਂ ਬੋਲਣ ਲਈ ਰਜਿਸਟਰ ਕਰੋ। ਰਜਿਸਟ੍ਰੇਸ਼ਨ ਦੇ ਵੇਰਵੇ ਮੀਟਿੰਗ ਦੀ ਮਿਤੀ ਦੇ ਨੇੜੇ ਉਪਲਬਧ ਹੋਣਗੇ।
3. ਡ੍ਰਾਫਟ ਬਜਟ 'ਤੇ ਫੀਡਬੈਕ ਦੇਣ ਲਈ ਮੇਅਰ ਅਤੇ ਕੌਂਸਲ ਨਾਲ ਸਿੱਧਾ ਸੰਪਰਕ ਕਰੋ।

ਫੀਡਬੈਕ ਦਾ ਸਾਰ ਦਸੰਬਰ ਵਿੱਚ ਸਿਟੀ ਕੌਂਸਲ ਨੂੰ ਪੇਸ਼ ਕੀਤੀ ਗਈ ਇੱਕ ਜਨਤਕ ਰਿਪੋਰਟ ਵਿੱਚ ਸ਼ਾਮਲ ਕੀਤਾ ਜਾਵੇਗਾ। ਕੌਂਸਲ ਦਸੰਬਰ 2024 ਵਿੱਚ 2025 ਦੇ ਅੰਤਿਮ ਬਜਟ 'ਤੇ ਵੋਟ ਪਾਏਗੀ।

-30-

**ਮੀਡੀਆ ਸੰਪਰਕ:**
ਨਾਗਰਿਕ ਰੁਝੇਵੇਂ ਅਤੇ ਸੰਚਾਰ
media@vancouver.ca